VSB Vancouver School Board

Vancouver School District
1580 West Broadway
Vancouver, B.C. V6J 5K8

vsb.bc.ca
info@vsb.bc.ca
604-713-5000

Follow Us: @VSB39

# SOGI-ਸਮਾਵੇਸ਼ੀ ਸਰੋਤਾਂ ਬਾਰੇ ਸਮਝ:
# ਪਰਿਵਾਰਾਂ ਲਈ ਇੱਕ ਗਾਈਡ

**SOGI-ਸਮਾਵੇਸ਼ੀ ਸਰੋਤ ਕੀ ਹਨ?**

SOGI-ਸਮਾਵੇਸ਼ੀ ਸਰੋਤ ਕਈ ਸਾਧਨਾ ਵਿੱਚੋਂ ਇੱਕ ਹਨ ਜੋ ਸਾਡੇ ਸਕੂਲ ਡਿਸਟ੍ਰਿਕਟ ਦੇ ਅਧਿਆਪਕਾਂ ਦੁਆਰਾ ਹਰ ਸਮੁਦਾਇ ਦੇ ਸਦੱਸ ਦੀ ਸਮਝ ਅਤੇ ਸਵੀਕਾਰਤਾ ਨੂੰ ਬਧਾਉਣ ਲਈ ਵਰਤੇ ਜਾਂਦੇ ਹਨ, ਚਾਹੇ ਉਹ ਨਸਲ, ਸਭਿਆਚਾਰ, ਧਰਮ, ਲਿੰਗ ਝੁਕਾਅ ਜਾਂ ਲਿੰਗ ਪਛਾਣ ਦੇ ਹੋਣ।

ਇਹ ਸਰੋਤ ਬੀ ਸੀ ਮਿਨੀਸਟਰੀ ਆਫ ਐਜੂਕੇਸ਼ਨ ਐਂਡ ਚਾਇਡ ਕੇਅਰ ਦੁਆਰਾ ਬਣਾਏ ਹਨ ਅਤੇ ਉਹ ਇਹਨਾਂ ਦਾ ਸਮਰਥਿਨ ਕਰਦੇ ਹਨ। ਇਹ ਸਰੋਤ ਬੀ ਸੀ ਦੇ ਸਾਰੇ ਸਕੂਲ ਡਿਸਟ੍ਰਿਕਟਾਂ ਵਿੱਚ ਵਰਤੇ ਜਾਂਦੇ ਹਨ ਅਤੇ ਇਨ੍ਹਾਂ ਦਾ ਉਦੇਸ਼ ਧੱਕੇਬਾਜ਼ੀ ਅਤੇ ਭੇਦਭਾਵ ਨੂੰ ਘਟਾਉਣਾ ਹੈ।

**SOGI-ਸਮਾਵੇਸ਼ੀ ਸਰੋਤਾਂ ਬਾਰੇ ਮੁੱਖ ਗੱਲਾਂ:**

- **ਇਹ ਸਮਾਵੇਸ਼ੀ ਸਿੱਖਿਆ ਦਾ ਇੱਕ ਜਰੂਰੀ ਅੰਗ ਹੈ**

SOGI-ਸਮਾਵੇਸ਼ੀ ਸਰੋਤ ਅਧਿਆਪਕਾਂ ਨੂੰ ਉਹ ਸਾਧਨ ਮੁਹੱਈਆ ਕਰਦੇ ਹਨ ਜੋ ਸਹੀ ਜਾਣਕਾਰੀ ਮੁਹੱਈਆ ਕਰਨ, ਹਮਦਰਦੀ ਪੈਦਾ ਕਰਨ, ਅਤੇ ਵਿਦਿਆਰਥੀਆਂ ਨੂੰ ਸਾਡੇ ਸਮੁਦਾਏ ਦੀ ਵਿਵਿਧਤਾ ਅਤੇ ਸਤਿਕਾਰ ਕਰਨ ਵਿਚ ਮਦਦ ਕਰਨ ਅਤੇ ਸਮਾਵੇਸ਼ੀ ਭਾਸ਼ਾ ਦੀ ਵਰਤੋਂ ਦੀ ਮਹੱਤਤਾ ਨੂੰ ਸਮਝਣ ਵਿੱਚ ਮਦਦ ਕਰਨ ।

- **ਇਹ ਸਤਿਕਾਰ ਅਤੇ ਹਮਦਰਦੀ ਨੂੰ ਬਧਾਉਂਦੇ ਹਨ**

SOGI-ਸਮਾਵੇਸ਼ੀ ਸਰੋਤ ਵੱਖ-ਵੱਖ ਪਛਾਣਾਂ, ਪਰਿਵਾਰ/ਦੇਖਭਾਲ ਕਰਨ ਵਾਲਿਆਂ ਦੀ ਵਿਵਿਧਤਾ, ਰੂੜੀਵਾਦ, ਧੱਕੇਬਾਜ਼ੀ ਅਤੇ ਅਪਸ਼ਬਦ ਵਰਗੇ ਵਿਸ਼ਿਆਂ ਨੂੰ ਸੰਬੋਧਿਤ ਕਰਦੇ ਹਨ।

- **ਇਹ ਉਮਰ ਅਨੁਕੂਲ ਹਨ**

ਸਾਰੇ ਵਿਦਿਆਰਥੀ ਸਤਿਕਾਰ, ਦਯਾ ਅਤੇ ਵਿਵਿਧਤਾ ਵਰਗੇ ਵਿਸ਼ਿਆਂ ਬਾਰੇ ਸਿੱਖਦੇ ਹਨ, ਜਦਕਿ ਭੇਦਭਾਵ ਅਤੇ ਅਨਿਆਇ ਵਰਗੇ ਹੋਰ ਪੇਚੀਦੇ ਵਿਸ਼ਿਆਂ ਨੂੰ ਵਿਕਾਸਸ਼ੀਲ ਅਤੇ ਉਮਰ ਅਨੁਕੂਲ ਢੰਗ ਨਾਲ ਖੋਜਿਆ ਜਾਂਦਾ ਹੈ।

- **2SLGBTQIA+ ਵਿਦਿਆਰਥੀਆਂ ਲਈ ਸਹਾਇਤਾ ਪ੍ਰਦਾਨ ਕਰਦੇ ਹਨ**



*With deep gratitude and respect, we are honoured to be learning and unlearning on the ancestral and unceded lands of the xʷməθkʷəy̓əm (Musqueam), Sḵwxwú7mesh Úxwumixw (Squamish Nation) & səlilwətaɬ (Tsleil-Waututh Nation).*

SOGI-ਸਮਾਵੇਸ਼ੀ ਸਰੋਤ 2SLGBTQIA+ ਵਿਦਿਆਰਥੀਆਂ ਲਈ ਸਹਾਇਤਾ, ਸਬੰਧਤਾ ਦਾ ਅਹਿਸਾਸ ਅਤੇ ਪੁਸ਼ਟੀ ਮੁਹੱਈਆ ਕਰਦੇ ਹਨ, ਅਨਿਆਥਾ ਉਹ ਇਕਲੇ ਮਹਿਸੂਸ ਕਰ ਸਕਦੇ ਹਨ। ਇਹ ਇੱਕ ਅਜਿਹਾ ਮਾਹੌਲ ਬਣਾਉਣ ਵਿੱਚ ਮਦਦ ਕਰਦੇ ਹਨ ਜਿੱਥੇ ਸਾਰੇ ਵਿਦਿਆਰਥੀ ਫਲਫੁੱਲ ਸਕਣ।

- **ਇਹ ਸਾਰੇ ਵਿਦਿਆਰਥੀਆਂ ਲਈ ਲਾਭਦਾਇਕ ਹਨ**

ਅਧਿਅਨਾਂ ਵਿਖਾਉਂਦੇ ਹਨ ਕਿ ਸਮਾਵੇਸ਼ੀ ਕਲਾਸਰੂਮਾਂ ਅਤੇ SOGI-ਵਿਸ਼ੇਸ਼ ਧੱਕੇਬਾਜ਼ੀ ਵਿਰੋਧੀ ਨੀਤੀਆਂ ਹੋਣ ਨਾਲ ਸਕੂਲ ਦਾ ਮਾਹੌਲ ਸੁਧਾਰਿਆ ਜਾਂਦਾ ਹੈ, ਜਿਸ ਨਾਲ ਭੇਦਭਾਵ, ਉਦਾਸੀ, ਚਿੰਤਾ, ਨਸ਼ਾ, ਆਤਮਘਾਤੀ ਵਿਚਾਰਧਾਰਾ ਅਤੇ ਆਤਮਹੱਤਿਆ ਦੇ ਪ੍ਰਯਾਸਾਂ ਵਿੱਚ ਘਾਟ ਆਉਂਦੀ ਹੈ।

## ਸਾਡੀ ਪ੍ਰਤੀਬੱਧਤਾ

ਅਸੀਂ ਹਰ ਵਿਦਿਆਰਥੀ ਲਈ ਸੁਰੱਖਿਅਤ ਅਤੇ ਸਹਿਯੋਗੀ ਸਿਖਲਾਈ ਵਾਤਾਵਰਣ ਪ੍ਰਦਾਨ ਕਰਨ ਲਈ ਪ੍ਰਤੀਬੱਧ ਹਾਂ, ਯੌਨ ਝੁਕਾਅ ਜਾਂ ਲਿੰਗ ਪਛਾਣ ਦੇ ਆਧਾਰ 'ਤੇ ਕੋਈ ਵੀ ਭੇਦਭਾਵ ਕੀਤੇ ਬਿਨਾਂ। SOGI-ਸਮਾਵੇਸ਼ੀ ਸਰੋਤ ਸਾਡੇ ਦੁਆਰਾ ਇਸ ਲਕਸ਼ ਨੂੰ ਪ੍ਰਾਪਤ ਕਰਨ ਲਈ ਉਪਯੋਗ ਕੀਤੇ ਜਾਣ ਵਾਲੇ ਕਈ ਸਾਧਨਾਂ ਵਿੱਚੋਂ ਇੱਕ ਹਨ।

ਯੌਨ ਝੁਕਾਅ ਅਤੇ ਲਿੰਗ ਪਛਾਣ (SOGI) ਬੀ ਸੀ ਹਿਉਮਨ ਰਾਈਟਸ ਕੋਡ, ਕੈਨੇਡੀਅਨ ਚਾਰਟਰ ਆਫ ਰਾਈਟਸ ਐਂਡ ਫਰੀਡਮਜ਼ ਅਤੇ ਪ੍ਰਾਂਤੀ ਕਾਨੂੰਨ ਅਧੀਨ ਸੁਰੱਖਿਅਤ ਹਨ। VSB ਇਸ ਲਈ ਪ੍ਰਤੀਬੱਧ ਹੈ ਕਿ ਸਾਡੇ ਜ਼ਿਲ੍ਹੇ ਦੇ ਹਰ ਕਲਾਸਰੂਮ ਵਿਚ ਸਭਦਾ ਸੁਆਗਤ ਹੋਵੇਗਾ, ਅਤੇ ਸਾਰੇ ਵਿਦਿਆਰਥੀ ਸੁਰੱਖਿਅਤ ਅਤੇ ਸਹਿਯੋਗੀ ਮਹਿਸੂਸ ਕਰਦੇ ਹਨ। ਸਾਡੀ ਪ੍ਰਤੀਬੱਧਤਾ ਅਧਿਆਪਕਾਂ ਅਤੇ ਸਕੂਲਾਂ ਨੂੰ ਪੂਰੀ ਤਰ੍ਹਾਂ ਸਹਿਯੋਗ ਦੇਣ ਵਿੱਚ ਹੈ ਜਦੋਂ ਉਹ ਯੌਨ ਝੁਕਾਅ ਅਤੇ ਲਿੰਗ ਪਛਾਣ ਵਿੱਚ ਵਿਵਿਧਤਾ ਲਈ ਉਮਰ-ਅਨੁਕੂਲ ਹਵਾਲਿਆਂ ਨੂੰ ਸ਼ਾਮਲ ਕਰਦੇ ਹਾਂ। ਇਹ ਦ੍ਰਿਸ਼ਟੀਕੋਣ ਗਰਿਮਾ ਅਤੇ ਸਤਿਕਾਰ ਨੂੰ ਵਾਧਾ ਦਿੰਦਾ ਹੈ ਜਦੋਂ 2SLGBTQIA+ ਦੇ ਤੌਰ 'ਤੇ ਪਛਾਣ ਰਖਣ ਵਾਲੇ ਵਿਦਿਆਰਥੀਆਂ ਅਤੇ ਸਮੁੱਦਾਇ ਦੇ ਖਿਲਾਫ ਹਿੰਸਾ ਅਤੇ ਭੇਦਭਾਵ ਦੀਆਂ ਘਟਨਾਵਾਂ ਨੂੰ ਘਟਾਉਣ ਦਾ ਕੰਮ ਕਰਦਾ ਹੈ।

ਮਿਲ ਜੁਲ ਕਿ, ਅਸੀਂ ਇੱਕ ਹੋਰ ਸਮਝਦਾਰ, ਸਮਾਵੇਸ਼ੀ ਅਤੇ ਸਵੀਕਾਰਯੋਗ ਸਮਾਜ ਬਣਾ ਸਕਦੇ ਹਾਂ।



*With deep gratitude and respect, we are honoured to be learning and unlearning on the ancestral and unceded lands of the xʷməθkʷəy̓əm (Musqueam), Sḵwxwú7mesh Úxwumixw (Squamish Nation) & səlilwətaɬ (Tsleil-Waututh Nation).*